# Vancouver Board of Education
School District No. 39

OFFICE OF THE SUPERINTENDENT
1580 West Broadway
Vancouver, B.C. V6J 5K8
Telephone: 604-713-5000
Fax: 604-713-5412


ਸ਼ੁੱਕਰਵਾਰ, ਫਰਵਰੀ 3, 2017

ਪਿਆਰੇ ਮਾਪੇ ਅਤੇ ਵੀ ਐੱਸ ਬੀ ਸਟਾਫ,

ਕਿਊਬੈੱਕ ਸਿਟੀ ਹਾਲ ਦੀ ਤ੍ਰਾਸਦੀ ਅਤੇ ਯੁਨਾਇਟੱਡ ਸਟੇਟਸ ਵਿੱਚ ਇਮੀਗਰੇਸ਼ਨ ਕਾਨੂੰਨ ਦੀ ਤਬਦੀਲੀ ਨੇ ਮੈਨੂੰ ਕਾਫੀ ਸੋਚਣ ਤੋਂ ਮਜ਼ਬੂਰ ਕੀਤਾ ਹੈ ਕਿ ਅਸੀਂ ਇੱਕ ਪਬਲਿੱਕ ਸਕੂਲ ਬੋਰਡ ਹੋਣ ਦੇ ਨਾਤੇ ਇਸ ਬਾਰੇ ਕੀ ਕਰੀਏ। ਸਮਝਣਯੋਗ ਹੈ ਕਿ ਵਿਦਿਆਰਥੀ, ਮਾਪੇ ਅਤੇ ਸਟਾਫ ਕੋਲ ਸਵਾਲ ਹਨ ਕਿ ਸਾਡੇ ਦੇਸ਼ ਅਤੇ ਦੁਨੀਆਂ ਵਿੱਚ ਕੀ ਹੋ ਰਿਹਾ ਹੈ। ਹਾਲਾਂਕੇ ਕੁੱਝ ਲੋਕਾਂ ਨੂੰ ਇਸ ਤਰਾਂ ਲੱਗਦਾ ਹੈ ਕਿ ਇਹ ਘਟਨਾਵਾਂ ਦੂਰ ਹੋ ਰਹੀਆਂ ਹਨ ਪਰ ਅਸਲੀਅਤ ਵਿੱਚ ਇਹ ਘਟਨਾਵਾਂ ਸਿੱਧੇ ਜਾਂ ਅਸਿੱਧੇ ਤੌਰ ਤੇ ਸਾਡੇ ਸਾਰਿਆਂ ਤੇ ਅਸਰ ਕਰਦੀਆਂ ਹਨ।

1971 ਵਿੱਚ ਕਨੇਡਾ ਦੁਨੀਆਂ ਵਿੱਚ ਸੱਭ ਤੋਂ ਪਹਿਲਾ ਦੇਸ਼ ਸੀ ਜਿਸ ਨੇ ਮਲਟੀਕਲਚ੍ਰਲਿਜ਼ਮ ਨੂੰ ਓਫੀਸ਼ਿਲ ਸਟੇਟ ਪੌਲਸੀ ਤੌਰ ਤੇ ਰਖੱਣ ਦਾ ਐਲਾਨ ਕੀਤਾ। ਇਸੇ ਤਰਾਂ ਵੈਨਕੂਵਰ ਸਕੂਲ ਡਿਸਟ੍ਰਿਕਟ ਨੂੰ ਸਭਨੂੰ-ਸ਼ਾਮਿਲ ਦੀ ਸੋਚ, ਵਿਭਿੰਨਤਾ ਦਾ ਜਸ਼ਨ, ਬਰਾਬਰੀ ਅਤੇ ਆਪਸੀ ਸਤਿਕਾਰ ਦੀ ਪਧਤੀ ਦਾ ਮਾਣ ਹੈ। ਅਸੀ ਅਨੇਕਤਾ, ਜੋ ਵੈਨਕੂਵਰ ਸਕੂਲ ਡਿਸਟ੍ਰਿਕਟ ਨੂੰ ਸਿੱਖਣ ਅਤੇ ਕੰਮ ਕਰਨ ਲਈ ਇੱਕ ਸ਼ਾਨਦਾਰ ਸਥਾਨ ਬਣਾਂਦੀ ਹੈ, ਦੀ ਬਹੁਤ ਕਦਰ ਕਰਦੇਂ ਹਾਂ।

ਮੌਜੂਦਾਂ ਹਾਲਤਾਂ ਵਿੱਚ ਮੈਂ ਸੁਪਰੀਟੈਂਡੰਟ ਹੋਣ ਦੇ ਨਾਤੇ ਇਹ ਸਮਝਦਾਂ ਹਾਂ ਕਿ ਇਹ ਮੇਰੀ ਜ਼ਿਮੇਵਾਰੀ ਹੈ ਕਿ ਸਕੂਲ ਡਿਸਟ੍ਰਿਕਟ ਕਮਿਊਨਿਟੀ ਇਹ ਜਾਣੇ ਕਿ ਵੈਨਕੂਵਰ ਸਕੂਲ ਡਿਸਟ੍ਰਿਕਟ ਸਾਰੇ ਵਿਦਿਆਰਥੀਆਂ, ਪ੍ਰਵਾਰਾਂ ਅਤੇ ਸਟਾਫ ਮੈਂਬਰਾਂ ਲਈ ਸੁਆਗਤ ਅਤੇ ਸ਼ਮੂਲੀਅਤ ਦੇ ਵਾਤਾਵਰਨ ਨੂੰ ਕਾਇਮ ਰਖੱਣ ਦੀ ਬਹੁਤ ਮਹਤੱਤਾ ਦਿੰਦਾ ਹੈ।

ਮੈਨੂੰ ਹਮੇਸ਼ਾਂ ਮਾਣ ਹੈ ਕਿ ਸਾਡੇ ਵਿਦਿਆਰਥੀ ਅਤੇ ਸਟਾਫ ਵਿਭਿੰਨਤਾ ਤੋਂ ਪਹਿਲਾਂ ਸਮਾਨਤਾ ਵੇਖਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹਨਾਂ ਨੂੰ ਸ਼ਾਮਿਲ ਕਰਦੇ ਹਨ ਜੋ ਦੇਖਣ ਵਿੱਚ ਵਖਰੇ ਹੋ ਸਕਦੇ ਹਨ ਪਰ ਅੰਤ ਵਿੱਚ ਸਾਰੇ ਇੱਕੋ-ਜਿਹੇ ਹੀ ਹਨ। ਇਸ ਹਫਤੇ ਮੈਂ ਕੁੱਝ ਮਾਪੇ, ਵਿਦਿਆਰਥੀ, ਅਤੇ ਸਟਾਫ ਨਾਲ ਗਲ੍ਹ-ਬਾਤ ਕੀਤੀ ਅਤੇ ਹਰ ਇੱਕ ਵਿਅਕਤੀ ਨੇ ਉਹਨਾਂ ਵਿਦਿਆਰਥੀਆਂ ਅਤੇ ਪ੍ਰਵਾਰਾਂ, ਜੋ ਇਸ ਘਟਨਾਂ ਤੋਂ ਪ੍ਰਭਾਵਿਤ ਹਨ, ਲਈ ਦੇਖਭਾਲ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਮੈਂ ਉਹਨਾਂ ਦਾ ਧੰਨਵਾਦੀ ਹਾਂ ਜਿਹਨਾਂ ਨੇ ਮੇਰੇ ਨਾਲ ਸਲਾਹ-ਮਸ਼ਵਰਾ ਕੀਤਾ। ਦੇਖ-ਰੇਖ ਅਤੇ ਸਹਾਨੂੰਭੂਤੀ ਦੀਆਂ ਕਿਰਿਆਂਵਾਂ ਰਾਹੀਂ ਹੀ ਅਸੀ ਸੁਨਿਸ਼ਚਿੱਤ ਕਰ ਸਕਦੇ ਹਾਂ ਕਿ ਸਾਰੇ ਵਿਦਿਆਰਥੀ ਸੁਰਖਿਅੱਤ, ਸਨਮਾਨਤ ਅਤੇ ਮਹਤੱਵਪੂਰਣ ਮਹਿਸੂਸ ਕਰ ਸਕਣ। ਸਾਡੇ ਜ਼ਿਲੇ ਦਾ ਪ੍ਰਚਲਿਤ ਸੰਦੇਸ਼ ਹੈ ਕਿ ਅਸੀਂ ਸਾਰੇ ਇੱਕੋ-ਜਿਹੇ ਇਨਸਾਨ ਹਾਂ ਅਤੇ ਅਜਿਹੇ ਤੌਰ ਤੇ ਸਾਡੀ ਸਾਰਿਆਂ ਦੀ ਜ਼ਿਮੇਵਾਰੀ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਸੱਭ ਨਾਲ ਦਿਆਲਤਾ ਅਤੇ ਆਦਰ ਨਾਲ ਵਰਤਾਵਾ ਕਰੀਏ।

ਸੁਪਰੀਟੈਂਡੰਟ ਹੋਣ ਦੇ ਨਾਤੇ, ਮੈ ਸਾਰੇ ਵੈਨਕੂਵਰ ਸਕੂਲ ਡਿਸਟ੍ਰਿਕਟ ਭਾਈਚਾਰੇ ਤੱਕ ਪਹੁੰਚਣ ਲਈ ਤੁਹਾਡੀ ਸਹਾਇਤਾ ਲੈਣ ਲਈ ਬੇਨਤੀ ਕਰਨਾ ਚਾਹੁੰਦਾ ਹਾਂ। ਪੱਚੀ ਸਾਲ ਦੇ ਸਿਖਿਅਕ ਹੋਣ ਦੇ ਨਾਤੇ, ਮੈਂ ਹਮੇਸ਼ਾ 'ਸਿੱਖਣ ਦੇ ਸੁਨਹਿਰੀ ਮੌਕਿਆਂ' ਦੀ ਭਾਲ ਕੀਤੀ ਹੈ ਅਤੇ ਮੈਨੂੰ ਵਿਸਵਾਸ਼ ਹੈ ਕਿ ਅੱਜ ਸਾਡੇ ਕੋਲ ਫਿਰ ਤੋਂ ਸਿੱਖਣ ਦਾ ਉਹ ਸੁਨਹਿਰੀ ਮੌਕਾ ਹੈ। ਮਾਪੇ ਅਤੇ ਸਿਖਿਅਕ ਹੋਣ ਦੇ ਨਾਤੇ, ਅਸੀਂ ਇੱਕਠੇ ਹੋ ਕਿ ਨੌਜਵਾਨਾਂ ਵਿੱਚ ਉਹ ਸੰਸਕਾਰ ਪਾ ਸਕਦੇ ਹਾਂ ਜਿਹਨਾਂ ਨਾਲ ਉਹ ਇਜ਼ੱਤਦਾਰ, ਦਿਆਲੂ ਅਤੇ ਸਹਾਨੂੰਭੂਤੀ ਵਾਲੇ ਵਿਅਕਤੀ ਬੱਣ ਸਕਣ ਜੋ ਸੱਭਨੂੰ-ਸ਼ਾਮਿਲ ਕਰਨ ਵਾਲੇ ਭਾਈਚਾਰੇ ਦਾ ਜਸ਼ਨ ਮਨਾਣ ਅਤੇ ਉਸਨੂੰ ਸੁਰਖਿਅੱਤ ਰੱਖ ਸਕਣ। ਮੈਨੂੰ ਉਮੀਦ ਹੋਵੇਗੀ ਕਿ ਘਰਾਂ ਅਤੇ ਸਕੂਲਾਂ ਵਿੱਚ ਉਹਨਾਂ ਕੀਮਤਾਂ-ਕਦਰਾਂ ਜੋ ਕਨੇਡਾ ਅਤੇ ਸਾਡੇ ਪਬਲਿਕ ਸਕੂਲ ਸਿਸਟਮ ਨੂੰ ਬਹੁਤ ਵੱਧੀਆ ਬਣਾਂਦੇ ਹਨ, ਦੀ ਚਰਚਾ ਤੇ ਧਿਆਨ ਕੀਤਾ ਜਾਵੇਗਾ।

ਸ਼ੁਭਚਿੰਤਕ,

ਸਕੋਟ ਰੌਬਿਨਸਨ
ਸਕੂਲਾਂ ਦੇ ਸੁਪਰੀਟੈਂਡੰਟ